NHS
Blood and Transplant

# ਅੰਗ ਦਾਨ ਅਤੇ ਧਾਰਮਿਕ ਵਿਸ਼ਵਾਸ

## ਅੰਗ ਦਾਨ ਅਤੇ ਹਿੰਦੂ ਵਿਸ਼ਵਾਸ ਲਈ ਇੱਕ ਗਾਈਡ

# ਅੰਗ ਦਾਨ

## ਅੰਗ ਦਾਨ

ਅੰਗ ਦਾਨ ਕਿਸੇ ਅੰਗ ਦਾ ਤੋਹਫਾ ਹੁੰਦਾ ਹੈ ਤਾਂ ਜੋ ਕਿਸੇ ਅਜਿਹੇ ਵਿਅਕਤੀ ਦੀ ਮਦਦ ਕੀਤੀ ਜਾ ਸਕੇ ਜਿਸਨੂੰ ਪ੍ਰਤੀਰੋਪਣ (ਟ੍ਰਾਂਸਪਲਾਂਟ) ਦੀ ਲੋੜ ਹੈ। ਹਰ ਸਾਲ ਅੰਗ ਪ੍ਰਤੀਰੋਪਣਾਂ ਦੁਆਰਾ ਸਮੁੱਚੇ ਯੂਕੇ (UK) ਵਿੱਚ ਹਜ਼ਾਰਾਂ ਹੀ ਲੋਕਾਂ ਦੀਆਂ ਜ਼ਿੰਦਗੀਆਂ ਬਚ ਜਾਂਦੀਆਂ ਹਨ ਜਾਂ ਉਹਨਾਂ ਵਿੱਚ ਸੁਧਾਰ ਹੋ ਜਾਂਦਾ ਹੈ। ਪਰ ਹਰ ਦਿਨ ਸਮੁੱਚੇ ਯੂਕੇ ਵਿੱਚ ਕੋਈ ਨਾ ਕੋਈ ਕਿਸੇ ਅੰਗ ਪ੍ਰਤੀਰੋਪਣ ਦੀ ਉਡੀਕ ਕਰਦੇ ਹੋਏ ਮਰ ਜਾਂਦਾ ਹੈ।

ਮਰ ਚੁੱਕੇ ਲੋਕਾਂ ਵੱਲੋਂ ਦਾਨ ਕੀਤੇ ਜਾ ਸਕਦੇ ਅੰਗਾਂ ਵਿੱਚ ਸ਼ਾਮਲ ਹਨ ਦਿਲ, ਫੇਫੜੇ, ਗੁਰਦੇ, ਜਿਗਰ, ਪਾਚਕ ਗ੍ਰੰਥੀ ਅਤੇ ਛੋਟੀ ਆਂਤੜੀ (small bowel)। ਚਮੜੀ, ਹੱਡੀ, ਦਿਲ ਦੇ ਵਾਲਵ ਅਤੇ ਕੋਰਨੀਆ ਵਰਗੇ ਟਿਸ਼ੂ ਵੀ ਹੋਰਨਾਂ ਦੀ ਮਦਦ ਕਰਨ ਲਈ ਵਰਤੇ ਜਾ ਸਕਦੇ ਹਨ। ਜਿੰਦਾ ਰਹਿੰਦੇ ਹੋਏ ਇੱਕ ਗੁਰਦੇ ਜਾਂ ਤੁਹਾਡੇ ਜਿਗਰ ਦੇ ਕੁਝ ਭਾਗ ਨੂੰ ਦਾਨ ਕਰਨਾ ਵੀ ਸੰਭਵ ਹੈ।

## ਅੰਗਾਂ ਨੂੰ ਦਾਨ ਕਰਨ ਬਾਰੇ ਸੋਚਣਾ ਮਹੱਤਵਪੂਰਨ ਕਿਉਂ ਹੈ?

ਡਾਕਟਰੀ ਖੇਤਰ ਵਿੱਚ ਹੋਈਆਂ ਉੱਨਤੀਆਂ ਦੇ ਨਾਲ, ਕਈ ਸਾਰੀਆਂ ਜਾਨਲੇਵਾ ਅਵਸਥਾਵਾਂ, ਜਿਵੇਂ ਕਿ ਗੁਰਦੇ, ਜਿਗਰ ਅਤੇ ਦਿਲ ਦਾ ਫੇਲ੍ਹ ਹੋਣਾ, ਤੋਂ ਪੀੜਤ ਲੋਕਾਂ ਦੇ ਜੀਵਨ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਹੁਣ ਪ੍ਰਤੀਰੋਪਣ ਕੀਤੇ ਅੰਗਾਂ ਅਤੇ ਟਿਸ਼ੂਆਂ ਦੀ ਵਰਤੋਂ ਕਰਨਾ ਸੰਭਵ ਹੋ ਗਿਆ ਹੈ। ਪਹਿਲਾਂ ਨਾਲੋਂ ਹੁਣ ਜ਼ਿਆਦਾ ਵਿਅਕਤੀ ਇਹਨਾਂ ਅਵਸਥਾਵਾਂ ਤੋਂ ਪੀੜਤ ਹਨ ਅਤੇ ਕੁਝ ਨਸਲੀ ਸਮੂਹ (ethnic groups) ਹੋਰ ਲੋਕਾਂ ਦੇ ਮੁਕਾਬਲੇ ਜ਼ਿਆਦਾ ਪ੍ਰਭਾਵਿਤ ਹੁੰਦੇ ਜਾਪਦੇ ਹਨ।

ਅੰਗ ਦਾ ਲੋੜਵੰਦ ਵਿਅਕਤੀ ਅੱਜ ਤੁਹਾਡੇ ਲਈ ਅਜਨਬੀ ਹੋ ਸਕਦਾ ਹੈ, ਪਰ ਕੱਲ੍ਹ ਨੂੰ ਉਹ ਕੋਈ ਅਜਿਹਾ ਵਿਅਕਤੀ ਹੋ ਸਕਦਾ ਹੈ ਜਿਸਨੂੰ ਤੁਸੀਂ ਜਾਣਦੇ ਅਤੇ ਪਿਆਰ ਕਰਦੇ ਹੋ। ਇਸ ਲਈ ਕਿਰਪਾ ਕਰਕੇ ਇਹ ਫੈਸਲਾ ਕਰਨ ਲਈ ਸਮਾਂ ਲਓ ਕਿ ਕੀ ਤੁਸੀਂ ਕੋਈ ਅੰਗ ਦਾਨੀ ਬਣਨਾ ਚਾਹੁੰਦੇ ਹੋ, ਉਸ ਫੈਸਲੇ ਨੂੰ "NHS ਅੰਗ ਦਾਨ ਰਜਿਸਟਰ" (NHS Organ Donor Register) ਉੱਤੇ ਦਰਜ ਕਰੋ, ਫੇਰ ਆਪਣੇ ਪਰਿਵਾਰ ਨੂੰ ਦੱਸੋ।

## ਪਰਿਵਾਰ ਦੀ ਸ਼ਮੂਲੀਅਤ

ਯੂਕੇ ਦੇ ਸਾਰੇ ਖੇਤਰਾਂ ਵਿੱਚ ਪਰਿਵਾਰ ਅੰਗ ਦਾਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਚਾਹੇ ਸ਼ਾਮਲ ਹੋਣ ਦੀ ਚੋਣ ਕਰਨ (opt in) ਜਾਂ ਬਾਹਰ ਨਿਕਲਣ ਦੀ ਚੋਣ ਕਰਨ (opt out) ਦੀ ਪ੍ਰਣਾਲੀ ਸਥਾਪਤ ਹੋਵੇ ਜਾਂ ਨਾ ਹੋਵੇ।

ਜੇ ਤੁਸੀਂ ਅਜਿਹੇ ਹਾਲਾਤਾਂ ਵਿੱਚ ਮਰ ਜਾਂਦੇ ਹੋ ਜਿੱਥੇ ਤੁਸੀਂ ਇੱਕ ਅੰਗ ਦਾਨੀ ਬਣ ਸਕਦੇ ਹੋ, ਤਾਂ ਇੱਕ ਵਿਸ਼ੇਸ਼ੱਗ ਅੰਗ ਦਾਨ ਨਰਸ ਇਹ ਦੇਖਣ ਲਈ 'NHS ਅੰਗ ਦਾਨ ਰਜਿਸਟਰ' ਦੀ ਪੜਤਾਲ ਕਰੇਗੀ ਕਿ ਕੀ ਤੁਸੀਂ ਆਪਣੇ ਫੈਸਲੇ ਨੂੰ ਪੰਜੀਕਿਰਤ ਕਰਵਾਇਆ ਸੀ, ਅਤੇ ਫੇਰ ਇਹ ਵਿਚਾਰ-ਵਟਾਂਦਰਾ ਕਰਨ ਲਈ ਤੁਹਾਡੇ ਵਾਰਸਾਂ ਨਾਲ ਗੱਲ ਕਰੇਗੀ ਕਿ ਕੀ ਤੁਸੀਂ ਇੱਕ ਦਾਨੀ ਬਣਨਾ ਚਾਹੁੰਦੇ ਸੀ। ਜੋ ਕੁਝ ਵਾਪਰਦਾ ਹੈ ਉਸ ਵਾਸਤੇ ਤੁਹਾਡੇ ਪਰਿਵਾਰ ਦੀ ਆਵਾਜ਼ ਅਤੀ ਮਹੱਤਵਪੂਰਨ ਹੈ। ਇਸ ਲਈ, ਤੁਹਾਡਾ ਫੈਸਲਾ ਜੋ ਵੀ ਹੋਵੇ, ਇਹ ਮਹੱਤਵਪੂਰਨ ਹੈ ਕਿ ਉਹ ਜਾਣਦੇ ਹੋਣ ਕਿ ਤੁਸੀਂ ਕੀ ਚਾਹੁੰਦੇ ਹੋ। ਇਸ ਨਾਲ ਉਹਨਾਂ ਵਾਸਤੇ ਤੁਹਾਡੇ ਫੈਸਲੇ ਨੂੰ ਪ੍ਰਵਾਨ ਕਰਨਾ ਹੋਰ ਆਸਾਨ ਹੋ ਜਾਵੇਗਾ।

## ਅੰਗ ਦਾਨ ਕਦੋਂ ਵਾਪਰ ਸਕਦਾ ਹੈ?

ਡਾਕਟਰ ਅਤੇ ਹੋਰ ਸਿਹਤ-ਸੰਭਾਲ ਅਮਲਾ ਕਿਸੇ ਮਰੀਜ਼ ਦੀ ਜ਼ਿੰਦਗੀ ਬਚਾਉਣ ਵਾਸਤੇ ਹਰ ਸੰਭਵ ਕੋਸ਼ਿਸ਼ ਕਰਨ ਲਈ ਵਚਨਬੱਧ ਹੁੰਦੇ ਹਨ। ਅੰਗ ਦਾਨ ਉੱਤੇ ਵਿਚਾਰ ਕੇਵਲ ਓਦੋਂ ਕੀਤਾ ਜਾਂਦਾ ਹੈ ਜਦ ਜ਼ਿੰਦਗੀ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਜਾਂਦੀਆਂ ਹਨ ਅਤੇ ਜਦ ਮੌਤ ਦੀ ਪੁਸ਼ਟੀ ਉਹਨਾਂ ਡਾਕਟਰਾਂ ਵੱਲੋਂ ਕੀਤੀ ਜਾਂਦੀ ਹੈ ਜੋ ਪ੍ਰਤੀਰੋਪਣ ਟੀਮ ਤੋਂ ਪੂਰੀ ਤਰ੍ਹਾਂ ਸੁਤੰਤਰ ਹੁੰਦੇ ਹਨ।

ਯੂਕੇ ਵਿੱਚ ਜ਼ਿਆਦਾਤਰ ਦਾਨ ਕੀਤੇ ਅੰਗ ਉਹਨਾਂ ਲੋਕਾਂ ਕੋਲੋਂ ਆਉਂਦੇ ਹਨ ਜੋ ਕਿਸੇ ਤੀਬਰ ਦਿਮਾਗੀ ਸੱਟ (severe brain injury) ਕਰਕੇ ਮਰ ਜਾਂਦੇ ਹਨ, ਅਤੇ ਜੋ ਕਿਸੇ ਇੰਟੈਂਸਿਵ ਕੇਅਰ ਯੂਨਿਟ (intensive care unit) ਵਿੱਚ ਵੈਂਟੀਲੇਟਰ ਉੱਤੇ ਜੀ ਰਹੇ ਹੁੰਦੇ ਹਨ। ਦਿਮਾਗੀ ਸੱਟ ਨੇ ਦਿਮਾਗ ਦੇ ਤਣੇ ਵਿਚਲੇ ਉਹਨਾਂ ਅਹਿਮ ਕੇਂਦਰਾਂ ਦਾ ਨੁਕਸਾਨ ਕਰ ਦਿੱਤਾ ਹੋਵੇਗਾ ਜੋ ਜੀਵਨ ਵਾਸਤੇ ਅਤੀ ਜ਼ਰੂਰੀ ਹੁੰਦੇ ਹਨ। ਡਾਕਟਰ ਤੰਤੂ-ਵਿਗਿਆਨਕ ਕਸੌਟੀਆਂ ਦੀ ਵਰਤੋਂ ਕਰਕੇ ਮੌਤ ਦੀ ਇਸ ਪੁਸ਼ਟੀ ਦੀ ਘੋਸ਼ਣਾ ਕਰਦੇ ਹਨ, ਜਿਸਨੂੰ 'ਦਿਮਾਗ ਦੇ ਤਣੇ ਦੀ ਮੌਤ' ('brain stem death') ਵਜੋਂ ਵੀ ਜਾਣਿਆ ਜਾਂਦਾ ਹੈ। ਇਹ 'ਕੋਮਾ' (coma) ਜਾਂ 'ਸਬਜ਼ੀ ਵਰਗੀ ਸਥਿਤੀ' ('vegetative state') ਵਿੱਚ ਹੋਣ ਵਾਂਗ ਨਹੀਂ ਹੈ। ਟੈਸਟ ਦੋ ਸੀਨੀਅਰ ਡਾਕਟਰਾਂ, ਜੋ ਪ੍ਰਤੀਰੋਪਣ ਟੀਮ ਤੋਂ ਸੁਤੰਤਰ ਹੁੰਦੇ ਹਨ, ਵੱਲੋਂ ਦੋ ਵੱਖਰੇ ਮੌਕਿਆਂ 'ਤੇ ਸਖ਼ਤ ਕੌਮੀ ਸੇਧਾਂ (national guidance) ਦੀ ਪਾਲਣਾ ਕਰਦੇ ਹੋਏ ਕੀਤੇ ਜਾਂਦੇ ਹਨ।

ਜਦ ਤੰਤੂ-ਵਿਗਿਆਨਕ ਕਸੌਟੀਆਂ ਦੀ ਵਰਤੋਂ ਕਰਕੇ ਮੌਤ ਦੀ ਪੁਸ਼ਟੀ ਕਰ ਦਿੱਤੀ ਜਾਂਦੀ ਹੈ, ਤਾਂ ਮਰੀਜ਼ ਅਜੇ ਵੀ ਵੈਂਟੀਲੇਟਰ 'ਤੇ ਹੋਵੇਗਾ (ਇਹ ਅਜਿਹੀ ਮਸ਼ੀਨ ਹੁੰਦੀ ਹੈ ਜੋ ਹਵਾ ਨੂੰ ਫੇਫੜਿਆਂ ਵਿੱਚ ਧਕੇਲਦੀ ਹੈ ਅਤੇ ਸਮੁੱਚੇ ਸਰੀਰ ਵਿੱਚ ਲਹੂ ਦੇ ਗੇੜ ਵਿੱਚ ਸਹਾਇਤਾ ਕਰਦੀ ਹੈ)। ਇਹ ਅੰਗਾਂ ਨੂੰ ਆਕਸੀਜਨ-ਭਰਪੂਰ ਖ਼ੂਨ ਦੀ ਸਪਲਾਈ ਗੁਆ ਬੈਠਣ ਤੋਂ ਰੋਕਦਾ ਹੈ, ਜੋ ਕਿ ਪ੍ਰਤੀਰੋਪਣ ਦੇ ਵਧੇਰੇ ਸਿਹਤਮੰਦ ਸਿੱਟੇ ਵਾਸਤੇ ਜ਼ਰੂਰੀ ਹੈ।

ਅੰਗ ਉਹਨਾਂ ਲੋਕਾਂ ਤੋਂ ਲੈਕੇ ਵੀ ਦਾਨ ਕੀਤੇ ਜਾ ਸਕਦੇ ਹਨ, ਜੋ, ਆਪਣੇ ਪਰਿਵਾਰ ਦੀ ਸਹਿਮਤੀ ਨਾਲ, ਜੀਵਨ-ਬਣਾਈ ਰੱਖਣ ਵਾਲੇ ਤੀਬਰ ਦੇਖਭਾਲ ਵਾਲੇ ਇਲਾਜ ਨੂੰ ਹਟਵਾ ਲੈਂਦੇ ਹਨ। ਜੇ ਦਿਲ ਰੁਕ ਜਾਂਦਾ ਹੈ ਅਤੇ ਇਸਦੇ ਜਲਦੀ ਬਾਅਦ ਲਹੂ ਦਾ ਗੇੜ ਬੰਦ ਹੋ ਜਾਂਦਾ ਹੈ, ਤਾਂ ਮੌਤ ਦੀ ਪੁਸ਼ਟੀ ਹੋ ਜਾਵੇਗੀ ਅਤੇ ਦਾਨ ਕੀਤਾ ਜਾ ਸਕਦਾ ਹੈ। ਇਸਨੂੰ 'ਲਹੂ ਦੇ ਗੇੜ ਦੀ ਮੌਤ ਦੇ ਬਾਅਦ ਦਾਨ' ('donation after circulatory death') ਵਜੋਂ ਵੀ ਜਾਣਿਆ ਜਾਂਦਾ ਹੈ।

## ਦੇਖਭਾਲ ਅਤੇ ਆਦਰ

ਅੰਗਾਂ ਅਤੇ ਟਿਸ਼ੂਆਂ ਨੂੰ ਕੱਢਣ ਦਾ ਕੰਮ ਵੱਧ ਤੋਂ ਵੱਧ ਦੇਖਭਾਲ ਅਤੇ ਆਦਰ ਨਾਲ ਕੀਤਾ ਜਾਂਦਾ ਹੈ। ਇਸਦੇ ਬਾਅਦ ਪਰਿਵਾਰ ਸਰੀਰ ਨੂੰ ਦੇਖ ਸਕਦਾ ਹੈ ਅਤੇ ਅਮਲਾ ਕਿਸੇ ਪਾਦਰੀ ਜਾਂ ਸਥਾਨਕ ਧਾਰਮਿਕ ਨੇਤਾ ਨਾਲ ਸੰਪਰਕ ਕਰ ਸਕਦਾ ਹੈ ਜੇ ਪਰਿਵਾਰ ਅਜਿਹੀ ਇੱਛਾ ਕਰਦਾ ਹੈ।



ਭਰਤ ਕੱਕੜ (Bharat Kakkad) ਨੇ ਆਪਣੀ ਅਚਾਨਕ ਹੋਈ ਮੌਤ ਤੋਂ ਬਾਅਦ ਦੋਵੇਂ ਗੁਰਦੇ, ਆਪਣੀਆਂ ਅੱਖਾਂ ਦੀਆਂ ਪਾਰਦਰਸ਼ੀ ਝਿੱਲੀਆਂ (ਕੌਰਨੀਆ) ਅਤੇ ਹੋਰ ਟਿਸ਼ੂ ਦਾਨ ਕੀਤੇ।

ਉਸਦੀ ਪਤਨੀ ਅਤੇ ਦੋ ਮੁੰਡੇ ਅੰਗ ਦਾਨ ਲਈ ਸਹਿਮਤ ਹੋਏ ਕਿਉਂਕਿ ਉਹਨਾਂ ਨੇ ਮਹਿਸੂਸ ਕੀਤਾ ਕਿ ਦੂਜਿਆਂ ਦੀ ਮਦਦ ਕਰਨਾ ਭਰਤ ਦਾ ਸੁਭਾਅ ਸੀ, ਅਤੇ ਇਹ ਹਿੰਦੂ ਹੋਣ ਦੇ ਨਾਤੇ ਉਸਦੇ ਵਿਸ਼ਵਾਸ ਅਤੇ ਧਰਮ ਪ੍ਰਣਾਲੀ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੇਵਾ ਦੀ ਰਵਾਇਤ ਹੈ, ਦੇ ਨਾਲ ਇਕਸਾਰ ਸੀ।

# ਹਿੰਦੂ ਧਰਮ ਅਤੇ ਅੰਗ ਦਾਨ

**ਇੱਥੇ ਕਈ ਹਵਾਲੇ ਹਨ ਜੋ ਹਿੰਦੂ ਸ਼ਾਸਤਰਾਂ ਵਿੱਚ ਅੰਗ ਦਾਨ ਦੀ ਧਾਰਨਾ ਦਾ ਸਮਰਥਨ ਕਰਦੇ ਹਨ। ਦਾਨ (donation) ਲਈ ਸੰਸਕ੍ਰਿਤ ਵਿੱਚ ਮੂਲ ਸ਼ਬਦ ਦਾਨ (daan) ਹੈ, ਜਿਸਦਾ ਮਤਲਬ ਹੈ ਸਵਾਰਥ-ਰਹਿਤ ਦੇਣਾ। ਦੱਸ ਨਿਯਮਾਂ (ਧਰਮੀ ਕਾਰਜਾਂ) ਦੀ ਸੂਚੀ ਵਿੱਚ, ਦਾਨ ਤੀਜੇ ਨੰਬਰ 'ਤੇ ਆਉਂਦਾ ਹੈ।**

***"ਜ਼ਿੰਦਗੀ ਦਾ ਤੋਹਫ਼ਾ ਦੇਣਾ – ਜਾਂ ਦੂਜਿਆਂ ਦੀ ਜੀਉਣ ਵਿੱਚ ਮਦਦ ਕਰਨਾ – ਹਿੰਦੂ ਧਰਮ ਵਿੱਚ 'ਦਾਨ' ('daan') ਜਾਂ ਦਾਨ (donation) ਦੇ ਰੂਪ ਵਜੋਂ ਦੇਖਿਆ ਜਾਂਦਾ ਹੈ। ਸੰਜੋਗ ਜਾਂ ਕਿਸਮਤ ਦਾ ਇਹ ਮਤਲਬ ਨਹੀਂ ਕਿ ਤੁਸੀਂ ਬੀਮਾਰ ਹੋਣ 'ਤੇ ਇਲਾਜ ਲੈਣ ਦੀ ਇੱਛਾ ਨਾ ਕਰੋ। ਕਿਸੇ ਵੀ ਤਰ੍ਹਾਂ ਦੇ ਅੰਗ ਦਾਨ ਨੂੰ ਸਵੀਕਾਰ ਕਰਨ ਵਿੱਚ ਕੁਝ ਵੀ ਗ਼ਲਤ ਨਹੀਂ ਹੈ।"***

*ਸਾਧੂ ਯੋਗਵਿਵੇਕਦਾਸ (Sadhu Yogvivekdas), ਪ੍ਰਧਾਨ ਸਾਧੂ, BAPS ਸ਼੍ਰੀ ਸਵਾਮੀਨਰਾਇਣ ਮੰਦਿਰ, ਲੰਡਨ*

***"ਦਾਨ ਕਰਨ ਲਈ ਸੰਭਵ-ਯੋਗ ਸਾਰੀਆਂ ਚੀਜ਼ਾਂ ਵਿੱਚੋਂ, ਆਪਣੇ ਖੁਦ ਦੇ ਸਰੀਰ ਨੂੰ ਦਾਨ ਕਰਨਾ ਅਨੰਤ ਸਮੇਂ ਲਈ ਜ਼ਿਆਦਾ ਸਾਰਥਕ ਹੈ।"***

*ਮਨੁਸਮਰੁਤੀ (Manusmruti)*

ਹਿੰਦੂ ਮੌਤ ਤੋਂ ਬਾਅਦ ਜ਼ਿੰਦਗੀ ਵਿੱਚ ਪੱਕਾ ਵਿਸ਼ਵਾਸ ਕਰਦੇ ਹਨ ਅਤੇ ਇਹ ਮੁੜ-ਜਨਮ ਲੈਣ ਦੀ ਲਗਾਤਾਰ ਕਿਰਿਆ ਹੁੰਦੀ ਹੈ। ਕਰਮ ਦਾ ਨਿਯਮ ਇਹ ਫੈਸਲਾ ਲੈਂਦਾ ਹੈ ਕਿ ਅਗਲੇ ਜਨਮ ਵਿੱਚ ਆਤਮਾ ਕਿਹੜੇ ਰਾਹ ਜਾਏਗੀ। ਭਗਵਤ ਗੀਤਾ (Bhagavad Gita) ਨਾਸ਼ਵਾਨ ਸਰੀਰ ਅਤੇ ਅਵਿਨਾਸ਼ੀ ਆਤਮਾ ਦਾ ਵਰਣਨ ਬਹੁਤ ਦੀ ਸਰਲ ਤਰੀਕੇ ਵਿੱਚ ਕਰਦੀ ਹੈ, ਜਿਵੇਂ ਕਿ ਕੱਪੜਿਆਂ ਦਾ ਸਰੀਰ ਦੇ ਨਾਲ ਰਿਸ਼ਤਾ:

***"ਜਿਵੇਂ ਕੋਈ ਵਿਅਕਤੀ ਨਵੇਂ ਕੱਪੜੇ ਪਾਉਣ ਲਈ ਪੁਰਾਣੇ ਫਟੇ ਕੱਪੜੇ ਸੁੱਟ ਦਿੰਦਾ ਹੈ, ਉਸੇ ਤਰ੍ਹਾਂ ਅਮਰ ਆਤਮਾ ਮੌਤ ਉੱਤੇ ਪੁਰਾਣੇ ਸਰੀਰ ਨੂੰ ਸੁੱਟ ਦਿੰਦੀ ਹੈ ਅਤੇ ਇੱਕ ਨਵੇਂ ਸਰੀਰ ਵਿੱਚ ਮੁੜ ਜਨਮ ਲੈਂਦੀ ਹੈ।"***

*ਭਗਵਤ ਗੀਤਾ, ਅਧਿਆਇ 2.22*

ਵਿਗਿਆਨਕ ਅਤੇ ਚਿਕਿਤਸਾ ਖੋਜ-ਗ੍ਰੰਥ (ਚਰਕ ਅਤੇ ਸੁਸ਼ਰੁਤ ਸੰਹਿਤਾ) (Charaka and Sushruta Samhita) ਵੇਦ ਦਾ ਇੱਕ ਮਹੱਤਵਪੂਰਨ ਹਿੱਸਾ ਬਣਦੇ ਹਨ। ਸੇਜ ਚਰਕ (Sage Charaka) ਅੰਦਰੂਨੀ ਦਵਾਈ ਨਾਲ ਸਬੰਧ ਰੱਖਦਾ ਹੈ ਜਦਕਿ ਸੇਜ ਸ਼ੁਸ਼ਰੁਤ (Sage Sushruta) ਵਿੱਚ ਅੰਗ ਅਤੇ ਅੰਗ ਦੇ ਹਿੱਸਿਆਂ ਦੇ ਪ੍ਰਤੀਰੋਪਣ ਸ਼ਾਮਲ ਹਨ:

*"ਹਿੰਦੂ ਧਰਮ ਦੇ ਅਨੁਸਾਰ, ਦਾਨ (ਸੇਵਾ) ਸ਼ਬਦ ਦਾ ਡੂੰਘਾ ਅਰਥ ਹੈ ਜਿਸ ਵਿੱਚ ਕਿਸੇ ਵਿਅਕਤੀ ਨੂੰ ਜੀਵਨ ਦੇਣ ਲਈ ਆਪਣੇ ਸਰੀਰ ਦੇ ਕਿਸੇ ਹਿੱਸੇ ਨੂੰ ਦਾਨ ਕਰਨਾ ਦਾਨ (ਸੇਵਾ) ਦਾ ਸਭ ਤੋਂ ਉੱਚਾ ਰੂਪ ਹੈ ਜੋ ਤੁਸੀਂ ਜੀਉਂਦੇ ਹੋਏ ਅਤੇ ਮਰ ਕੇ ਵੀ ਕਰ ਸਕਦੇ ਹੋ। ਧਰਮ ਵਿੱਚ ਇਸ ਤੋਂ ਉੱਪਰ ਕੁਝ ਨਹੀਂ ਹੈ। ਦਾਨ (ਸੇਵਾ) ਸ਼ਬਦ ਦਾ ਗੀਤਾਜੀ, ਵੇਦ ਅਤੇ ਉਪਨਿਸ਼ਦਾਂ ਵਿੱਚ ਵਿਸਤਾਰ ਨਾਲ ਵਰਣਨ ਕੀਤਾ ਗਿਆ ਹੈ।"*

*ਮਹੇਂਦ੍ਰਭਾਈ ਪਾਂਦਯਾ (Mahendrabhai Pandya), ਲੈਸਟਰ ਵਿੱਚ ਜਲਰਾਮ ਮੰਦਰ ਦੇ ਮੁੱਖ ਪੁਜਾਰੀ ਅਤੇ ਹਿੰਦੂ ਪੁਜਾਰੀਆਂ ਦੀ ਐਸੋਸਿਏਸ਼ਨ ਦੇ ਪੂਰਵ ਪ੍ਰਧਾਨ*

*"ਹਿੰਦੂ ਸਵਾਰਥ-ਰਹਿਤ ਕੰਮ ਕਰਕੇ ਚੰਗੇ ਕਰਮ ਕਮਾਉਂਦੇ ਹਨ ਅਤੇ ਸਰੀਰ ਦੇ ਅੰਗਾਂ ਨੂੰ ਦਾਨ ਕਰਨ ਤੋਂ ਵੱਡਾ ਕਰਮ ਕੀ ਹੋ ਸਕਦਾ ਹੈ, ਖਾਸ ਤੌਰ 'ਤੇ ਜਦੋਂ ਮੌਤ ਸਮੇਂ ਉਹ ਸਾਡੇ ਕਿਸੇ ਕੰਮ ਦੇ ਨਹੀਂ ਹੁੰਦੇ, ਜੋ ਇੱਕ ਬੇਹਤਰ ਜੀਵਨ ਜੀਉਣ ਵਿੱਚ ਦੂਜਿਆਂ ਦੀ ਮਦਦ ਕਰ ਸਕਦੇ ਹਨ - ਜਿਵੇਂ ਕਿ, ਸਾਡੇ ਧਰਮ ਗ੍ਰੰਥ ਵਿੱਚ ਹਿੰਦੂ ਰਵਾਇਤ ਦੇ ਨਾਲ ਪ੍ਰਾਚੀਨ ਭਾਰਤ ਵਿੱਚ ਵੀ ਪ੍ਰਤੱਖ ਤੌਰ 'ਤੇ ਸਾਬਿਤ ਹੋਇਆ ਹੈ ਕਿ ਵਿਵੇਕੀ ਰਿਸ਼ੀ ਸੁਸ਼ਰੁਤ ਨੇ ਦਾਨ ਕੀਤੇ ਅੰਗ ਦੇ ਹਿੱਸਿਆਂ ਅਤੇ ਅੰਗਾਂ ਦੇ ਨਾਲ 'ਪ੍ਰਤੀਰੋਪਣ ਸਰਜਰੀ' ਉੱਤੇ ਅਮਲ ਕੀਤਾ।"*

*ਅਨਿਲ ਭਨੋਟ (Anil Bhanot) OBE, ਹਿੰਦੂ ਕਾਉਂਸਿਲ ਯੂਕੇ (Hindu Council UK) ਦੇ ਸੰਸਥਾਪਕ ਸਦੱਸ ਅਤੇ ਡਾਇਰੈਕਟਰ*

*"ਮੈਂ ਤਕੜਾ ਵਿਸ਼ਵਾਸ ਕਰਦਾ ਹਾਂ ਕਿ ਅੰਗ ਦਾਨ ਮਨੁੱਖ ਵਲੋਂ ਕੀਤਾ ਜਾ ਸਕਣ ਵਾਲਾ ਸਭ ਤੋਂ ਵੱਡਾ ਦਾਨ ਹੈ।"*

*ਸ਼੍ਰੀਮਤੀ ਤ੍ਰੁਪਤੀ ਪਟੇਲ (Mrs Trupti Patel), ਬ੍ਰਿਟੇਲ ਦੇ ਹਿੰਦੂ ਫੋਰਮ ਦੀ ਪ੍ਰਧਾਨ (Hindu Forum of Britain)*

ਹਿੰਦੂ ਧਰਮ ਉੱਤੇ ਜਾਣਕਾਰੀ
**www.bbc.co.uk/religion** ਤੋਂ ਉਪਲਬਧ ਹੈ

ਜੈਨ ਅਤੇ ਹਿੰਦੂ ਅੰਗ ਦਾਨ ਸਟਿਅਰਿੰਗ ਗਰੁੱਪ (Jain and Hindu Organ Donation Steering Group) (JHOD) ਹਿੰਦੂ ਅਤੇ ਜੈਨ ਬਰਾਦਰੀਆਂ ਦੇ ਅੰਦਰ ਅੰਗ ਦਾਨ ਬਾਰੇ ਲੋਕਾਂ ਨੂੰ ਸਿੱਖਿਆ ਦੇਣ ਲਈ ਸਖ਼ਤ ਮੇਹਨਤ ਕਰਦੇ ਹਨ। ਸਮੂਹ ਨੇ ਬਰਾਦਰੀਆਂ ਲਈ ਸਰੋਤ ਤਿਆਰ ਕੀਤੇ ਹਨ ਅਤੇ ਅੰਗ ਦਾਨ ਦਾ ਪ੍ਰਚਾਰ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਵਿੱਚ ਪੂਰੇ ਦੇਸ਼ ਭਰ ਦੇ ਬਰਾਦਰੀ ਸਮੂਹਾਂ ਦਾ ਸਮਰਥਨ ਕਰਦੇ ਹਨ।

**Twitter @JHOD_UK**
**www.facebook.com/jhoduk**

JHOD ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇਸਦੇ ਪ੍ਰਧਾਨ ਕਿਰਿਤ ਮੋਦੀ (Kirit Modi) ਦੇ ਨਾਲ **kiritmodi1@hotmail.com** 'ਤੇ ਸੰਪਰਕ ਕਰੋ

# ਆਪਣੀ ਚੋਣ ਕਰਨਾ

## ਮੈਂ ਦਾਨੀ ਕਿਵੇਂ ਬਣਾਂ?

ਜੇ ਤੁਸੀਂ ਆਪਣੀ ਮੌਤ ਦੇ ਬਾਅਦ ਆਪਣੇ ਕੁਝ ਕੁ ਜਾਂ ਸਾਰੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨਾ ਚਾਹੁੰਦੇ ਹੋ, ਤਾਂ ਇਹ ਯਕੀਨੀ ਬਣਾਉਣ ਦਾ ਸਭ ਤੋਂ ਵਧੀਆ ਤਰੀਕਾ ਕਿ ਤੁਹਾਡਾ ਪਰਿਵਾਰ ਤੁਹਾਡੀ ਇੱਛਾ ਬਾਰੇ ਜਾਣਦਾ ਹੋਵੇ ਅਤੇ ਇਸਨੂੰ ਪੂਰਾ ਕਰੇ, ਉਹ ਹੈ 'NHS ਅੰਗ ਦਾਨ ਰਜਿਸਟਰ' ਉੱਤੇ ਇੱਕ ਦਾਨੀ ਵਜੋਂ ਪੰਜੀਕਰਨ ਕਰਨਾ ਅਤੇ ਆਪਣੇ ਪਰਿਵਾਰ ਨੂੰ ਇਸ ਬਾਰੇ ਦੱਸਣਾ ਕਿ ਤੁਸੀਂ ਕੀ ਫੈਸਲਾ ਕੀਤਾ ਹੈ। ਤੁਸੀਂ ਰਜਿਸਟਰ ਉੱਤੇ ਇਹ ਵੀ ਦਰਜ ਕਰ ਸਕਦੇ ਹੋ ਕਿ ਕੀ ਤੁਹਾਡਾ ਧਰਮ/ਵਿਸ਼ਵਾਸ ਮਹੱਤਵਪੂਰਨ ਹੈ ਅਤੇ ਦਾਨ ਦੇ ਵਿਚਾਰ-ਵਟਾਂਦਰੇ ਦੇ ਭਾਗ ਵਜੋਂ ਇਸਨੂੰ ਵਿਚਾਰਿਆ ਜਾਣਾ ਚਾਹੀਦਾ ਹੈ।

## ਜੇ ਮੈਂ ਦਾਨ ਨਹੀਂ ਕਰਨਾ ਚਾਹੁੰਦਾ/ਦੀ ਤਾਂ ਕੀ?

ਜੇ ਤੁਸੀਂ ਦਾਨ ਨਹੀਂ ਕਰਨਾ ਚਾਹੁੰਦੇ, ਤਾਂ NHS ਅੰਗ ਦਾਨ ਰਜਿਸਟਰ ਉੱਤੇ ਇਸ ਫੈਸਲੇ ਨੂੰ ਦਰਜ ਕਰਵਾਉਣਾ ਅਤੇ ਆਪਣੇ ਪਰਿਵਾਰ ਨੂੰ ਦੱਸਣਾ ਮਹੱਤਵਪੂਰਨ ਹੈ।

ਜੇ ਤੁਸੀਂ ਕੁਝ ਕੁ ਅੰਗ ਜਾਂ ਟਿਸ਼ੂਆਂ ਨੂੰ ਦਾਨ ਕਰਕੇ ਖੁਸ਼ ਹੋ ਪਰ ਕੁਝ ਹੋਰ ਅੰਗਾਂ ਨੂੰ ਦਾਨ ਨਹੀਂ ਕਰਨਾ ਚਾਹੁੰਦੇ, ਤਾਂ ਦਾਨ ਕਰਨ ਤੋਂ 'ਬਾਹਰ ਹੋਣ ਦੀ ਚੋਣ' ('opt out') ਨਾ ਕਰੋ। ਇਸਦੀ ਬਜਾਏ, ਇੱਕ ਅੰਗ ਦਾਨੀ ਵਜੋਂ ਰਜਿਸਟਰ ਕਰੋ ਅਤੇ ਉਹਨਾਂ ਅੰਗਾਂ ਜਾਂ ਟਿਸ਼ੂਆਂ ਦੀ ਚੋਣ ਕਰੋ ਜੋ ਤੁਸੀਂ ਦਾਨ ਕਰਨੇ ਚਾਹੋਗੇ।

## ਜੇ ਮੈਂ ਦਾਨ ਬਾਰੇ ਫੈਸਲਾ ਕਰਨ ਲਈ ਕਿਸੇ ਹੋਰ ਨੂੰ ਨਾਮਜ਼ਦ ਕਰਨਾ ਚਾਹਵਾਂ ਤਾਂ ਕੀ?

ਡਾਊਨਲੋਡ ਕਰਨ ਲਈ ਇੱਕ ਫਾਰਮ organdonation.nhs.uk ਉੱਤੇ ਉਪਲਬਧ ਹੈ ਜੋ ਤੁਹਾਨੂੰ ਤੁਹਾਡੇ ਲਈ ਦਾਨ ਕਰਨ ਦਾ ਫੈਸਲਾ ਕਰਨ ਵਾਸਤੇ ਕਿਸੇ ਨੂੰ ਨਾਮਜ਼ਦ ਕਰਨ ਦੇ ਯੋਗ ਬਣਾਉਂਦਾ ਹੈ। ਤੁਹਾਨੂੰ ਫਾਰਮ ਨੂੰ ਭਰਨ ਅਤੇ ਇਸਨੂੰ ਵਾਪਸ ਭੇਜਣ ਦੀ ਲੋੜ ਹੋਵੇਗੀ। ਕਿਰਪਾ ਕਰਕੇ ਨੋਟ ਕਰੋ ਕਿ ਕੀ ਤੁਸੀਂ ਕਨੂੰਨੀ ਤੌਰ 'ਤੇ ਕਿਸੇ ਪ੍ਰਤੀਨਿਧ ਨੂੰ ਤੁਹਾਡੇ ਵਾਸਤੇ ਫੈਸਲਾ ਲੈਣ ਲਈ ਨਾਮਜ਼ਦ ਕਰ ਸਕਦੇ ਹੋ ਜਾਂ ਨਹੀਂ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਯੂਕੇ ਵਿੱਚ ਕਿੱਥੇ ਰਹਿੰਦੇ ਹੋ।

ਹੋਰ ਜ਼ਿਆਦਾ ਜਾਣਨ ਲਈ ਅਤੇ ਆਪਣੇ ਫੈਸਲੇ ਨੂੰ ਰਜਿਸਟਰ ਕਰਨ ਲਈ, ਭਾਵੇਂ ਇਹ ਜੋ ਵੀ ਹੈ,
**organdonation.nhs.uk** 'ਤੇ ਜਾਓ ਜਾਂ **0300 123 23 23** 'ਤੇ ਕਾਲ ਕਰੋ।

ਅੰਗ ਅਤੇ ਟਿਸ਼ੂ ਦਾਨ
ਬਾਰੇ ਹੋਰ ਜਾਣਨ ਲਈ, ਦੇਖੋ

**organdonation.nhs.uk**

ਮਈ 2020 ਨੂੰ ਅੱਪਡੇਟ ਕੀਤਾ ਗਿਆ

OLC229L1.1 Hinduism (Punjabi) 2021129